# ਡਾਇਰੈਕਟਰ ਜਨਰਲ ਸਕੂਲ ਸਿੱਖਿਆ
## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਸਿੱਖਿਆ ਭਵਨ, ਈ-ਬਲਾਕ, 5ਵੀਂ ਮੰਜਿਲ, ਫੇਜ਼ 8, ਮੁਹਾਲੀ (ਫੋਨ. 0172-5212313)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਅ) } ਨੋਟਿਸ ਬੋਰਡ ਰਾਹੀਂ
ਪੰਜਾਬ।

ਪੱਤਰ ਨੰ. 12/10-SSA/LCDTV/Insurance/201575 90
ਮਿਤੀ 20.05.2015

ਵਿਸ਼ਾ: ਪੰਜਾਬ ਰਾਜ ਦੇ ਸਕੂਲਾਂ ਵਿਚ ਆਈ.ਸੀ.ਟੀ. ਅਧੀਨ ਮੁਹੱਈਆਂ ਕੀਤੇ ਕੰਪਿਊਟਰ ਅਤੇ ਹੋਰ ਹਾਰਡਵੇਅਰ ਦੀ ਚੋਰੀ ਸਬੰਧੀ ਸੂਚਨਾ ਦਰਜ਼ ਕਰਵਾਉਣ ਬਾਰੇ।

ਹਵਾਲਾ: ਇਸ ਦਫਤਰ ਦੇ ਪੱਤਰ ਨੰ. 3/1-ICT-2013-14/HW/Ph-1,2&3/421 ਮਿਤੀ 06.02.2014

1 ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਆਈ.ਸੀ.ਟੀ. ਅਧੀਨ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਵਿਚਲੇ ਹਾਰਡਵੇਅਰ ਅਤੇ CAL ਸਕੀਮ ਅਧੀਨ ਵਿਦਿਆਰਥੀਆਂ ਨੂੰ ਮਲਟੀਮੀਡੀਆਂ ਤਕਨੀਕ ਰਾਹੀਂ ਪੜ੍ਹਾਉਣ ਲਈ ਮੁਹੱਈਆਂ ਕੀਤੇ ਹਾਰਡਵੇਅਰ ਆਦਿ ਦੇ ਚੋਰੀ ਹੋਣ ਜਾਣ ਦੀ ਸੂਚਨਾ ਸਬੰਧਤ ਵੈਂਡਰ ਅਤੇ ਜਿਲ੍ਹਾ ਸਿਖਿਆ ਅਫਸਰ ਨੂੰ ਸਮੇਂ ਸਿਰ ਨਹੀਂ ਦਿੱਤੀ ਜਾਂਦੀ। ਜਦੋਂਕਿ ਚੋਰੀ ਹੋਏ ਸਮਾਨ ਦੀ ਸੂਚਨਾ, ਚੋਰੀ ਹੋਣ ਦੇ 24 ਘੰਟੇ ਦੇ ਅੰਦਰ-ਅੰਦਰ ਸਬੰਧਤ ਵੈਂਡਰ ਨੂੰ ਦੇਣੀ ਹੁੰਦੀ ਹੈ। ਅਜਿਹਾ ਨਾ ਕਰਨ ਤੇ ਸਬੰਧਤ ਵੈਂਡਰ ਵੱਲੋਂ ਚੋਰੀ ਹੋਏ ਸਮਾਨ ਦੀ Replacement ਨਹੀਂ ਦਿੱਤੀ ਜਾਂਦੀ।

2 ਉਕਤ ਦੇ ਸਨਮੁੱਖ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਹਾਰਡਵੇਅਰ ਦੇ ਚੋਰੀ ਹੋਣ ਦੀ ਸੂਚਨਾ (24 ਘੰਟੇ ਦੇ ਅੰਦਰ-ਅੰਦਰ) ਪੱਤਰ/ਈ-ਮੇਲ ਅਤੇ ਫੋਨ ਰਾਹੀਂ ਹੇਠ ਲਿਖੇ ਅਨੁਸਾਰ ਸਬੰਧਤ ਨੂੰ ਦੇਣਗੇ, ਤਾਂ ਜੋ ਚੋਰੀ ਹੋਏ ਸਮਾਨ ਦਾ ਬਦਲਵਾਂ ਪ੍ਰਬੰਧ ਕਰਵਾਇਆ ਜਾ ਸਕੇ:-

| | | | |
|---|---|---|---|
| Phase-3 | M/s Wipro | helpdesk.pictes1@wipro.com<br>helpdesk.pictes2@wipro.com | 0172-4014019,<br>4014612&<br>4014034 |
| Phase-4 & 5 | M/s HCL | devinder.singh@hcl.com | 8054499133<br>0172-2240150,<br>2240142,2240146,<br>2240147, 2240120<br>& 18001801881 |

| | | | |
|---|---|---|---|
| 1400 LFD (Samsung), 1300 TV/DVDs and 470 K-YAN | United India Insurance Co. Ltd | debendranathbehera@uiic.co.in ajitkaur@uiic.co.in ajitpaldhindsa@yahoo.co.in | 8283824223 0172-2782391 & 2548254 9876085932 |
| 500 ICDs (Panasonic) | M/s Core Education & Technology | anand010780@gmail.com | 8968755228 |
| 500 Intergrated computer-cum-projector (ICPs) and Smart schools | M/s IL&FS | himanshu.tiwari@ilfsindia.com | 18001808800 |

3 ਇਹ ਵੀ ਯਕੀਨੀ ਬਣਾ ਲਿਆ ਜਾਵੇ ਕਿ ਹਰ ਸਕੂਲ ਵਿਚ ਸਬੰਧਤ ਵੈਂਡਰਾਂ ਨੂੰ ਅਤੇ ਸਬੰਧਤ ਜਿਲ੍ਹੇ ਨੂੰ ਚੋਰੀ ਦੀ ਸੂਚਨਾ ਦੇਣ ਲਈ ਵੈਂਡਰਜ਼ ਦੀ ਈ-ਮੇਲ ਆਈ.ਡੀ. ਅਤੇ ਫੋਨ ਨੰ. ਕੰਪਿਊਟਰ ਲੈਬ ਅਤੇ ਸਕੂਲ ਮੁਖੀ ਦੇ ਕਮਰੇ ਵਿਚ ਡਿਸਪਲੇ ਕੀਤੇ ਜਾਣ।

4 ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਈ.ਸੀ.ਟੀ.ਅਧੀਨ ਕਵਰ ਕੀਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਜਾਵੇ। ਜੇਕਰ ਕਿਸੇ ਪੱਧਰ ਤੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਚੋਰੀ ਹੋਏ ਸਮਾਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਅਧਿਕਾਰੀ ਦੀ ਹੋਵੇਗੀ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਮਿਤੀ: 18.05.15

ਪਰਦੀਪ ਕੁਮਾਰ ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਪਿ.ਅੰ.ਨੰ. ਉਕਤ

ਮਿਤੀ: 20.05.15

ਉਤਾਰਾ ਹੇਠ ਲਿਖਿਆ ਨੂੰ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1 ਸਮੂਹ ਪ੍ਰਿੰਸੀਪਲ/ਸਕੂਲ ਮੁਖੀ (ਵੈੱਬ ਸਾਈਟ ਰਾਹੀਂ)

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪਿਕਟਸ

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ:ਸਿੱ:) ਸੰਗਰੂਰ।

ਮੀਮੋ ਨੰ. ਆਈ.ਸੀ.ਟੀ./ਹਾਰਡਵੇਅਰ/ਚੋਰੀ/2015/877 ਮਿਤੀ:27.05.2015

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਸਕੂਲ ਮੁਖੀਆਂ (ਸਸਸਸ/ਸਹਸ/ਸਮਿਸ) ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਚੋਰੀ ਹੋਏ ਹਾਰਡਵੇਅਰ ਦੀ ਸੂਚਨਾ ਇਸ ਦਫ਼ਤਰ, ਸਬੰਧਤ ਵੈਂਡਰ, ਸਬੰਧਤ ਥਾਣਾ ਇੰਚਾਰਜ ਨੂੰ ਸਮੇਂ ਸਿਰ ਦੇਣ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.)
ਸੰਗਰੂਰ।